International Journal of Applied Research 2017; 3(7): 142-144




**ISSN Print:** 2394-7500
**ISSN Online:** 2394-5869
**Impact Factor:** 5.2
IJAR 2017; 3(7): 142-144
www.allresearchjournal.com
Received: 11-05-2017
Accepted: 14-06-2017

**ਗੁਰਪ੍ਰੀਤ ਸਿੰਘ**
ਅਸਿਸਟੈਂਟ ਪ੍ਰੋਸਰ
ਏ. ਐਸ. ਕਾਲਜ, ਖੰਨਾ

**Correspondence**
**ਗੁਰਪ੍ਰੀਤ ਸਿੰਘ**
ਅਸਿਸਟੈਂਟ ਪ੍ਰੋਸਰ
ਏ. ਐਸ. ਕਾਲਜ, ਖੰਨਾ

# ਚਾਵਾਂ ਦੀ ਖ਼ੁਸ਼ਬੋ (ਧਿਆਨ ਸਿੰਘ ਰਾਏ) : ਪ੍ਰਮੁੱਖ ਸਰੋਕਾਰ

**ਗੁਰਪ੍ਰੀਤ ਸਿੰਘ**

ਸਾਹਿਤ ਦਾ ਕੋਈ ਵੀ ਰੂਪ, ਭਾਵੇਂ ਉਹ ਸੁਚੇਤ ਪੱਧਰ ’ਤੇ ਸਿਰਜਿਆ ਜਾ ਰਿਹਾ ਹੋਵੇ ਜਾ ਫਿਰ ਅਚੇਤ ਪੱਧਰ ’ਤੇ, ਸਾਹਿਤਕਾਰ ਦੀ ਆਤਮ ਅਨੁਭੂਤੀ ਦਾ ਸਿੱਧੇ ਜਾਂ ਅਸਿੱਧੇ ਢੰਗ ਨਾਲ ਪ੍ਰਗਟਾਵਾ ਕਰ ਰਿਹਾ ਹੁੰਦਾ ਹੈ। ਇਸ ਆਤਮ ਅਨੁਭੂਤੀ ਦੇ ਪਿੱਛੇ ਸਾਹਿਤਕਾਰ ਦੀ ਭਾਵੁਕ ਸੰਵੇਦਨਾ ਕਾਰਜਸ਼ੀਲ ਹੁੰਦੀ ਹੈ, ਵਿਸ਼ੇਸ਼ਕਰ ਕਾਵਿ ਰਚਨਾ ਪਿੱਛੇ ਤਾਂ ਭਾਵੁਕਤਾ ਭਾਰੂ ਹੀ ਹੁੰਦੀ ਹੈ। ਕਵੀ ਦੀ ਭਾਵੁਕਤਾ ਹੀ ਸ਼ਾਬਦਿਕ ਜਾਮਾ ਪਹਿਨ ਕੇ ਕਵਿਤਾ ਦਾ ਰੂਪ ਇਖ਼ਤਿਆਰ ਕਰ ਲੈਂਦੀ ਹੈ। ਪਰੰਤੂ ਜੇਕਰ ਕਵਿਤਾ ਵਿੱਚ ਭਾਵੁਕਤਾ ਤੇ ਚਿੰਤਨ ਦਾ ਤਵਾਜ਼ਨ ਹੋਵੇ ਤਾਂ ਇਹ ਸਮਾਜ ਲਈ ਵਧੇਰੇ ਉਪਯੋਗੀ ਤੇ ਲਾਹੇਵੰਦ ਸਿੱਧ ਹੁੰਦੀ ਹੈ। ਕੁਝ ਇਸੇ ਤਰ੍ਹਾਂ ਦਾ ਤਵਾਜ਼ਨ ਧਿਆਨ ਸਿੰਘ ਰਾਏ ਦੇ ਕਾਵਿ-ਸੰਗ੍ਰਹਿ ਚਾਵਾਂ ਦੀ ਖ਼ੁਸ਼ਬੋ ਵਿੱਚ ਦੇਖਣ ਨੂੰ ਮਿਲਦਾ ਹੈ।ਜਿੱਥੇ ਕਵੀ ਸਮਾਜ ਵਿੱਚ ਆ ਰਹੇ ਬਦਲਾਓ ਪ੍ਰਤਿ ਭਾਵੁਕ ਹੈ, ਉੱਥੇ ਆਧੁਨਿਕਤਾ ਤੇ ਤਕਨੀਕੀ ਵਿਕਾਸ ਦੇ ਸਾਡੇ ਸਮਾਜ ਤੇ ਰਿਸ਼ਤਿਆਂ ਉੱਤੇ ਪੈ ਰਹੇ ਪ੍ਰਭਾਵਾਂ ਪ੍ਰਤਿ ਵੀ ਚੇਤੰਨ ਹੈ। ਕਵੀ ਦੀ ਸਮਾਜ ਪ੍ਰਤਿ ਭਾਵੁਕਤਾ ਤੇ ਆਧੁਨਿਕਤਾ ਦੇ ਪ੍ਰਭਾਵਾਂ ਪ੍ਰਤਿ ਚਿੰਤਨਸ਼ੀਲਤਾ ਦਾ ਪ੍ਰਗਟਾਵਾ ਕਰਦੀਆਂ ਨਿਮਨਲਿਖਤ ਕਾਵਿ-ਸਤਰਾਂ ਵੇਖੀਆਂ ਜਾ ਸਕਦੀਆਂ ਹਨ,

> ਕਹਿੰਦੇ ਅਸੀਂ ਤਰੱਕੀ ਕਰਲੀ,
> ਧਨ ਦੌਲਤ ਨਾਲ ਝੋਲੀ ਭਰਲੀ।
> ਨੈੱਟ, ਮੋਬਾਇਲ ਨੇ ਟਾਇਮ ਬਚਾਇਆ,
> ਅੰਕਲ ਬਣ ਗਿਆ ਚਾਚਾ ਤਾਇਆ।
> ਆਧੁਨਿਕ ਹੋ ਕੇ, ਕੀ ਕੁਝ ਖੋਇਆ,
> ਸੋਚ-ਸੋਚ ਦਿਲ ਭੁੱਬੀਂ ਰੋਇਆ।
> (ਚਾਵਾਂ ਦੀ ਖ਼ੁਸ਼ਬੋ, ਪੰਨਾ 30)

ਕੇਵਲ ਇਹ ਉਪਰੋਕਤ ਸਤਰਾਂ ਹੀ ਨਹੀਂ ਬਲਕਿ ਕਵੀ ਦੀ ਇਹ ਪੂਰੀ ਕਵਿਤਾ ‘ਮਾਡਰਨ’ ਹੋ ਰਹੇ ਆਧੁਨਿਕ ਮਨੁੱਖ ਦੀ ਸੋਚ ਤੇ ਵਿਵਹਾਰ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ।
ਅਜੋਕਾ ਮਨੁੱਖ ਕੁਝ ਜ਼ਿਆਦਾ ਹੀ ਆਧੁਨਿਕ ਹੋ ਰਿਹਾ ਹੈ, ਇਤਨਾ ਜ਼ਿਆਦਾ ਆਧੁਨਿਕ ਕਿ ਇਸ ਆਧੁਨਿਕਤਾ ਦੀ ਅੰਨ੍ਹੀ ਦੌੜ ਵਿਚ ਉਸਦੀ ਹੋਂਦ ਗਵਾਚ ਰਹੀ ਹੈ। ਆਪਣੀ ਇਸ ਆਧੁਨਿਕਤਾ ਦੀ ਦੌੜ ਵਿਚ ਉਹ ਆਪਣੇ ਮਨ ਦੀ ਸਹਿਜਤਾ ਤੇ ਸ਼ਾਂਤੀ ਨੂੰ ਨਸ਼ਟ ਕਰ ਰਿਹਾ ਹੈ, ਪ੍ਰਕਿਰਤੀ ਨਾਲ ਖੇਡ ਰਿਹਾ ਹੈ ਤੇ ਪ੍ਰਕਿਰਤਕ ਸੋਮਿਆਂ ਦਾ ਦੁਰਉਪਯੋਗ ਤੇ ਬੇਲੋੜੀ ਵਰਤੋਂ ਕਰ ਰਿਹਾ ਹੈ ਅਤੇ ਇਸ ਲਈ ਕੁਦਰਤ ਮਨੁੱਖ ਨੂੰ ਕਦੇ ਮੁਆਫ਼ ਨਹੀਂ ਕਰੇਗੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜਿਸ ਤਰ੍ਹਾਂ ਉਹ ਆਪਣਾ ਪਤਨ ਆਪ ਕਰ ਰਿਹਾ ਹੋਵੇ। ਇਸ ਦਾ ਭਾਵ ਇਹ ਨਹੀਂ ਕਿ ਕਵੀ ਆਧੁਨਿਕਤਾ ਦੇ ਖ਼ਿਲਾਫ਼ ਹੈ, ਪਰ ਉਹ ਅੰਨ੍ਹੀ ਆਧੁਨਿਕਤਾ ਦੇ ਖ਼ਿਲਾਫ਼ ਹੈ। ਆਧੁਨਿਕ ਤਰੱਕੀ ਦੀ ਕੀਮਤ ਪ੍ਰਕਿਰਤੀ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ ਮਨੁੱਖ ਦੀ ਆਤਮਿਕ ਸ਼ਾਂਤੀ ਹੋਣੀ ਚਾਹੀਦੀ ਹੈ, ਕਿਉਂਕਿ ਮਾਨਸਿਕ ਤੇ ਪ੍ਰਾਕਿਰਤਕ ਸੰਤੁਲਨ ਦੋਵੇਂ ਹੀ ਮਾਨਵਤਾ ਲਈ ਬਹੁਤ ਜ਼ਰੂਰੀ ਹਨ। ਅਜਿਹੇ ਸੰਤੁਲਨ ਦੀ ਨਿਸ਼ਾਨਦੇਹੀ ਕਰਦੀ ਕਵੀ ਦੀ ਕਵਿਤਾ ਪੰਛੀ ਤੇ ਮਨੁੱਖ

ਵੇਖਣਯੋਗ ਹੈ। ਇਹ ਕਵੀ ਦੀ ਇੱਕ ਬਹੁ-ਅਰਥੀ ਤੇ ਬਹੁ-ਪਾਸਾਰੀ ਕਵਿਤਾ ਹੈ। ਇਸ ਇੱਕੋ ਕਵਿਤਾ ਵਿੱਚ ਕਵੀ ਮਨੁੱਖ ਤੇ ਕੁਦਰਤ ਦੇ ਆਪਸੀ ਤਾਲਮੇਲ ਦੀ ਗੱਲ ਵੀ ਕਰਦਾ ਹੈ, ਅਜੋਕੇ ਤਕਨੀਕੀ ਤੇ ਮਸ਼ੀਨੀ ਮਾਹੌਲ ਵਿੱਚ ਮਨੁੱਖ ਅੰਦਰੋਂ ਮਨਫ਼ੀ ਹੋ ਰਹੀਆਂ ਭਾਵਨਾਵਾਂ ਦਾ ਵੀ ਜ਼ਿਕਰ ਕਰਦਾ ਹੈ ਅਤੇ ਮਨੁੱਖ ਨੂੰ ਭੱਵਿੱਖਮੁਖੀ ਸੰਕੇਤ ਵੀ ਦਿੰਦਾ ਹੈ। ਮਿਸਾਲ ਦੇਖੋ,

ਐ ਮਨੁੱਖ ਤੂੰ ਕਾਹਨੂੰ ਬਣਾ ਰਿਹੈਂ
ਮੇਰੇ ਲਈ ਬਨਾਉਟੀ ਆਲ੍ਹਣੇ
ਇਹ ਤਾਂ ਲੱਕੜੀ ਦੇ ਪਿੰਜਰੇ ਨੇ
.. . . . . . . .. . .. . . . .
ਤੂੰ ਮੇਰੀ ਮੰਨ
ਇਹਨਾਂ ਬਨਾਉਟੀ ਆਲ੍ਹਣਿਆਂ ਦਾ ਖਹਿੜਾ ਛੱਡ
ਕੁਝ ਰੁੱਖ ਹੀ ਲਗਾ ਦੇ
ਆਪਣੇ ਦੋਵਾਂ ਲਈ
. . . . . . . . . . .
ਕਿਉਂਕਿ ਆਪਾਂ ਦੋਵਾਂ ਨੂੰ ਮਕਾਨਾਂ ਦੀ ਨਹੀਂ ਘਰਾਂ ਦੀ ਲੋੜ ਹੈ.....
(ਚਾਵਾਂ ਦੀ ਖ਼ੁਸ਼ਬੋ, ਪੰਨਾ 24)

ਅੱਜ ਦੇ ਮਨੁੱਖ ਦਾ ਚਰਿਤਰ ਪਹਿਲਾਂ ਵਰਗਾ ਨਹੀਂ ਰਿਹਾ। ਕਵੀ ਅਜੋਕੀ ਬਦਲਦੀ ਆਬੋ-ਹਵਾ ਤੋਂ ਭਲੀਭਾਂਤ ਵਾਕਿਫ਼ ਹੈ। ਵਿਸ਼ਵੀਕਰਨ ਤੇ ਮੰਡੀਕਰਨ ਦੇ ਵਰਤਾਰਿਆਂ ਨੇ ਮਨੁੱਖ ਦੇ ਰਿਸ਼ਤਿਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਮਾਹੌਲ ਦੇ ਬਦਲਣ ਨਾਲ ਲੋਕਾਂ ਦਾ ਚਰਿਤਰ ਵੀ ਬਦਲ ਰਿਹਾ ਹੈ। ਤਕਨੀਕੀ ਵਿਕਾਸ ਨੇ ਮਨੁੱਖ ਨੂੰ ਜਿੱਥੇ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਹਨ, ਉੱਥੇ ਮਸ਼ੀਨੀ ਮਾਹੌਲ ਵਿੱਚ ਘਿਰੇ ਮਨੁੱਖ ਦੀ ਸੋਚ ਵੀ ਮਸ਼ੀਨੀ ਹੁੰਦੀ ਜਾ ਰਹੀ ਹੈ। ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਗੁਆਚ ਰਹੀਆਂ ਹਨ। ਅਜਿਹੇ ਯਾਂਤ੍ਰਿਕ ਵਾਤਾਵਰਨ ਅਧੀਨ ਮਨੁੱਖੀ ਰਿਸ਼ਤਿਆਂ ਦੇ ਬਦਲਦੇ ਮਿਜਾਜ਼ ਨੂੰ ਕਵੀ ਨੇ ਬਾਖ਼ੂਬੀ ਬਿਆਨਿਆ ਹੈ। ਮਸਲਨ,

(ੳ) ਜਦ ਆਪਣੇ ਹੋਣ ਪਰਾਏ, ਉਦੋਂ ਦੁੱਖ ਲੱਗਦੈ।
ਜਦ ਧੋਖਾ ਦੇ ਜਾਣ ਸਾਏ, ਉਦੋਂ ਦੁੱਖ ਲੱਗਦੈ।
ਜਿਹੜਾ ਸੱਜਣ ਬੇਲੀ ਬਚਪਨ ਵੇਲੇ ਹੁੰਦਾ ਸੀ,
ਨਾ ਸਿਆਣੇ, ਅੱਖ ਬਚਾਏ, ਉਦੋਂ ਦੁੱਖ ਲੱਗਦੈ।
(ਚਾਵਾਂ ਦੀ ਖ਼ੁਸ਼ਬੋ, ਪੰਨਾ 25)

(ਅ) ਮੋਹ ਮੁਹੱਬਤ ਰਿਸ਼ਤੇ ਨਾਤੇ,
ਖ਼ੂਨ ਬਣ ਗਿਆ ਪਾਣੀ ਜਾਪੇ।
ਆਪੋ-ਧਾਪੀ ਦੇ ਵਿੱਚ ਸਾਰੇ,
ਬੈਠ ਕੇ ਕੋਈ ਨਾ ਸੋਚ ਵਿਚਾਰੇ।
(ਚਾਵਾਂ ਦੀ ਖ਼ੁਸ਼ਬੋ, ਪੰਨਾ 30)

ਕਾਵਿ ਦਾ ਮਨੋਰਥ ਕੇਵਲ ਸਥਿਤੀਆਂ ਦੀ ਅਨੁਭੂਤੀ ਤੱਕ ਹੀ ਸੀਮਿਤ ਨਹੀਂ ਹੋਣਾ ਚਾਹੀਦਾ, ਬਲਕਿ ਕਾਵਿ ਦੀ ਸਾਰਥਕਤਾ ਅਨੁਭੂਤੀ ਦਾ ਸਹਿਜ ਤੇ ਸੁਹਜਾਤਮਕ ਪ੍ਰਗਟਾਵਾ ਕਰ ਕੇ ਕਵੀ ਦਾ ਕਾਵਿ-ਉਚਾਰ ਆਵਾਮ ਦੇ ਕੰਨਾਂ ਤੱਕ ਪਹੁੰਚਾ ਕੇ ਮਾਨਵਤਾ ਦੀ ਸੰਘਰਸ਼ ਚੇਤਨਾ ਨੂੰ ਪ੍ਰਚੰਡ ਕਰਨ ਵਿਚ ਹੁੰਦੀ ਹੈ। ਜਿੱਥੇ ਸੰਘਰਸ਼ ਚੇਤਨਾ ਨਹੀਂ ਹੁੰਦੀ, ਉੱਥੇ ਸ਼ੋਸ਼ਿਤ ਵਰਗ ਸ਼ੋਸ਼ਕਾਂ ਤਸਾਂ ਭੈਭੀਤ ਹੁੰਦਾ ਹੈ। ਇਸ ਲਈ ਇਸ ਦੱਬੇ-ਕੁਚਲੇ ਲੋਕਾਂ ਨੂੰ ਪ੍ਰੇਰਣਾ ਅਤੇ ਚੇਤਨਾ ਪ੍ਰਦਾਨ ਕਰਕੇ ਸਮੂਹਕ ਸੰਘਰਸ਼ ਲਈ ਤਿਆਰ ਕਰਨਾ ਜ਼ਰੂਰੀ ਹੁੰਦਾ ਹੈ। ਇਸ ਸੰਘਰਸ਼ ਦੀ ਤਹਿ ਵਿੱਚ ਪੂੰਜੀਪਤੀ ਹੀ ਦੱਬੇ-ਕੁਚਲੇ ਲੋਕਾਂ ਦਾ ਸ਼ੋਸ਼ਣ ਨਹੀਂ ਕਰਦੇ ਸਗੋਂ ਪੂੰਜੀਪਤੀਆਂ ਦੀਆਂ ਸੰਚਾਲਕ ਸ਼ਕਤੀਆਂ ਵੀ ਪੂਰਾ ਜ਼ੋਰ ਲਾਉਂਦੀਆਂ ਹਨ।[1] ਇਸ ਕਾਵਿ- ਸੰਗ੍ਰਹਿ ਵਿਚ ਧਿਆਨ ਸਿੰਘ ਕਮਜ਼ੋਰ ਵਰਗ ਦੀ ਸੁਚੇਤ ਪੱਧਰ 'ਤੇ ਹਿਮਾਇਤ ਕਰਨ ਦੇ ਹੱਕ ਵਿਚ ਖਲੋਂਦਾ ਹੈ। ਉਦੋਂ ਉਸ ਦੀ ਕਵਿਤਾ ਉੱਤੇ ਪ੍ਰਗਤੀਵਾਦੀ ਰੰਗ ਚੜ੍ਹਿਆ ਨਜ਼ਰ ਆਉਂਦਾ ਹੈ ਜਦੋਂ ਉਹ ਕਿਰਤੀ ਤੇ ਗ਼ਰੀਬ ਵਰਗ ਦੇ ਹੱਕਾਂ ਲਈ ਆਵਾਜ਼ ਉਠਾਉਂਦਾ ਆਖਦਾ ਹੈ,

ਕਿੰਦਾਂ ਪੀੜ ਪਛਾਨਣਗੇ ਉਹ,
ਠੁਰ-ਠੁਰ ਠਰਦੇ ਕਿਰਤੀ ਦੀ।
ਹੀਟਰ ਮੂਹਰੇ, ਹੌਟ ਕੌਫ਼ੀ ਦੀਆਂ,
ਬੈਠ ਚੁਸਕੀਆਂ ਲੈਂਦੇ ਜੋ।

ਠੰਢ 'ਚ ਪੈਰੀਂ ਚੱਪਲ ਹੁੰਦੀ,
ਢਿੱਡੋਂ ਭੁੱਖੇ ਬਾਲਾਂ ਦੇ।
ਐਡੀਡਾਸ ਬਰੈਂਡਡ ਪਾਉਂਦੇ,
ਮੈਕਡੌਨਲ ਵਿੱਚ ਬਹਿੰਦੇ ਜੋ।
(ਚਾਵਾਂ ਦੀ ਖ਼ੁਸ਼ਬੋ, ਪੰਨਾ 22-23)

ਚਾਵਾਂ ਦੀ ਖ਼ੁਸ਼ਬੋ ਕਾਵਿ-ਸੰਗ੍ਰਹਿ ਦਾ ਦੂਜਾ ਭਾਗ ਪ੍ਰਗੀਤਕ ਰਚਨਾਵਾਂ ਨਾਂ ਸੰਬੰਧਿਤ ਹੈ। ਗੀਤ ਮਨੁੱਖ ਦੀ ਮੁੱਢਲੀ ਤੇ ਸਹਿਜ ਆਤਮ-ਅਭਿਵਿਅਕਤੀ ਦਾ ਸਾਧਨ ਰਿਹਾ ਹੈ। ਗੀਤ ਪੁਰਾਣੇ ਸਮੇਂ ਤੋਂ ਹੀ ਲੋਕ ਮਨ ਦੇ ਭਾਵੁਕ ਪ੍ਰਗਟਾਵੇ ਦਾ ਸਾਧਨ ਰਹੇ ਹਨ। ਗੀਤ ਦਾ ਇਤਿਹਾਸ ਮਨੁੱਖਤਾ ਦੇ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਆਮ ਕਰਕੇ ਮਨੁੱਖ ਨੇ ਆਦਿ ਕਾਲ ਤੋਂ ਹੀ ਆਪਣੇ ਭਾਵਾਂ, ਜਜ਼ਬਾਤਾਂ, ਵੇਦਨਾ, ਸੰਵੇਦਨਾ ਦਾ ਪ੍ਰਗਟਾਵਾ ਇਸ ਕਾਵਿ ਰੂਪ ਰਾਹੀਂ ਹੀ ਕੀਤਾ ਹੈ। ਪੀੜ੍ਹੀ ਦਰ ਪੀੜ੍ਹੀ ਚੱਲੇ ਆ ਰਹੇ ਇਸ ਪ੍ਰਗਟਾਵੇ ਨੇ ਸਮਾਜਿਕ ਵਿਕਾਸ ਦੇ ਹਰ ਪੜਾਅ ਤੇ ਸੁਲਤਾਪੂਰਵਕ ਆਪਣੀ ਭੂਮਿਕਾ ਅਦਾ ਕੀਤੀ ਹੈ।[2] ਧਿਆਨ ਸਿੰਘ ਰਾਏ ਨੇ ਆਪਣੇ ਇਸ ਪਲੇਠੇ ਕਾਵਿ-ਸੰਗ੍ਰਹਿ ਵਿੱਚ ਗੀਤ ਦੀ ਵਿਧਾ ਉੱਤੇ ਵੀ ਹੱਥ ਅਜ਼ਮਾਇਆ ਹੈ। ਉਸ ਨੇ ਆਪਣੇ ਗੀਤਾਂ ਵਿੱਚ ਸੰਵੇਦਨਸ਼ੀਲਤਾ ਨਾਂ ਭਾਵਾਂ ਦਾ ਪ੍ਰਗਟਾਵਾ ਕੀਤਾ ਹੈ। ਡਾ. ਹਰਪਾਲ ਸਿੰਘ ਭੱਟੀ ਦੇ ਸ਼ਬਦਾਂ ਵਿੱਚ,

ਉਸ ਦੇ ਗੀਤਾਂ ਵਿੱਚ ਪਾਪੂਲਰ ਅਤੇ ਸਾਹਿਤਕ ਗੀਤਕਾਰੀ ਵਿੱਚ ਸੰਤੁਲਨ ਬਣਾ ਕੇ ਰੱਖਿਆ ਦ੍ਰਿਸ਼ਟੀਗੋਚਰ ਹੁੰਦਾ ਹੈ। ਉਸ ਦੇ ਗੀਤਾਂ ਵਿੱਚ ਅਜੋਕੀ ਮਾਰਕੀਟ ਦੇ ਗੀਤਾਂ ਦਾ ਮੁਕਾਬਲਾ ਕਰਕੇ ਇਨ੍ਹਾਂ ਨੂੰ ਰਿਕਾਰਡ ਕਰਵਾਏ ਜਾ ਸਕਣ ਦੀ ਸਮਰੱਥਾ ਵੀ ਹੈ ਅਤੇ ਸਮਾਜਿਕ ਮਸਲਿਆਂ ਪ੍ਰਤੀ ਸੁਚੇਤ ਹੋਣ ਕਾਰਨ ਉਸ ਦੇ ਗੀਤਾਂ ਨੂੰ ਸਾਹਿਤਕਤਾ ਦੀ ਪੁੱਠ ਵੀ ਚੜ੍ਹੀ ਵੇਖ ਜਾ ਸਕਦੀ ਹੈ।[3]

ਉਸ ਦੇ ਗੀਤਾਂ ਵਿੱਚ ਪ੍ਰੇਮਿਕਾ ਦੀ ਬਿਰਹੋ ਵੇਦਨਾ ਹੈ, ਪਤਨੀ ਦੀਆਂ ਆਪਣੇ ਢੋਲ ਨੂੰ ਤਾਕੀਦਾਂ ਹਨ ਅਤੇ ਧੀ ਦੀਆਂ ਅਪਣੇ

ਬਾਬੁਲ ਨੂੰ ਅਰਜ਼ੋਈਆਂ ਹਨ। ਗੱਲ ਕੀ ਚਾਵਾਂ ਭਰੇ ਮਨ ਦੀਆਂ ਸਧਰਾਂ, ਨਿਹੋਰੇ ਤੇ ਪੀੜਾਂ ਆਦਿ ਸਾਰੇ ਭਾਵਾਂ ਨਾਲ ਗੀਤ ਉਤਪ੍ਰੋਤ ਹਨ। ਕਵੀ ਦੇ ਕੁਝ ਗੀਤ ਇੰਨੇ ਸਰੋਦੀ ਤੇ ਸਹਿਜ ਹਨ ਕਿ ਉਹਨਾਂ ਵਿੱਚੋਂ ਲੋਕਗੀਤਾਂ ਵਰਗੀ ਭਾਅ ਨਜ਼ਰ ਆਉਂਦੀ ਹੈ, ਮਸਲਨ;

ਅੱਜ ਹੱਥ ਜੋੜ ਮਿੰਨਤਾਂ ਮੈਂ ਕਰਦੀ
ਵਿਚ ਮਨੋ ਮਨੀ ਠੰਡੇ ਹਉਕੇ ਭਰਦੀ
ਮੇਰੀ ਅੱਲ੍ਹੜ ਤੇ ਫੁੱਲਾਂ ਜਿਹੀ ਜਿੰਦ ਨੂੰ, ਨਾ ਕੰਡਿਆਂ ਤੇ ਪਾਈਂ ਬਾਬਲਾ
ਹੱਥ ਮਹਿੰਦੀ ਨਾਲ ਰੰਗ ਕੇ ਤੂੰ ਰੰਗਲੇ, ਕਨੇਡਾ ਨਾ ਵਿਆਹੀਂ ਬਾਬਲਾ
(ਚਾਵਾਂ ਦੀ ਖ਼ੁਸ਼ਬੋ, ਪੰਨਾ 69)

ਕਵੀ ਨੇ ਆਪਣੀ ਕਲਮ ਨਾਲ ਆਪਣੀ ਸੰਵੇਦਨਾ ਨੂੰ ਸਿਰਜਣਾਤਮਿਕ ਅਮਲ ਵਿੱਚ ਢਾਲਣਾ ਹੁੰਦਾ ਹੈ। ਉਸ ਦਾ ਇਹ ਰਚਨਾਤਮਿਕ ਅਮਲ ਲੋਕਾਂ ਨੂੰ ਸੱਚ ਦਾ ਬੋਧ ਵੀ ਕਰਵਾਉਂਦਾ ਹੈ ਅਤੇ ਲੋਕਾਈ ਇਸ ਤੋਂ ਸੇਧ ਵੀ ਲੈਂਦੀ ਹੈ। ਇਸ ਲਈ ਕਾਵਿ-ਕਿਰਤ ਸਮਾਜਿਕ ਯਥਾਰਥ ਦਾ ਬੋਧ ਦੇ ਕੇ ਮਨੁੱਖ ਨੂੰ ਸਕਾਰਾਤਮਕ ਪ੍ਰੇਰਨਾ ਦੇਣ ਵਾਲੀ ਹੋਣੀ ਚਾਹੀਦੀ ਹੈ। ਚਾਵਾਂ ਦੀ ਖ਼ੁਸ਼ਬੋ ਵਿਚਲੀਆਂ ਕਾਵਿ-ਰਚਨਾਵਾਂ ਦੀ ਇਹ ਖ਼ੂਬੀ ਹੈ ਕਿ ਇਹਨਾਂ ਵਿੱਚ ਕੋਈ ਨਕਾਰਾਤਮਕ ਰੁਚੀ ਨਹੀਂ ਸਗੋਂ ਇਹ ਦੁੱਖ ਵਿਚ ਵੀ ਮਨੁੱਖ ਨੂੰ ਢਾਰਸ ਦਿੰਦੀਆਂ ਪ੍ਰਤੀਤ ਹੁੰਦੀਆਂ ਹਨ। ਇਸ ਸੰਦਰਭ ਵਿੱਚ ਕਵੀ ਦਾ ਗੀਤ *'ਚੰਗਾ-ਚੰਗਾ ਸੋਚ'* ਦੇਖਿਆ ਜਾ ਸਕਦਾ ਹੈ ਜਿੱਥੇ ਕਵੀ ਬੰਦੇ ਨੂੰ ਨਿਰਾਸ਼ ਹੋਣ ਦੀ ਥਾਂ 'ਚੰਗਾ-ਚੰਗਾ' ਸੋਚਣ ਲਈ ਆਖਦਾ ਹੈ,

ਜ਼ਿੰਦਗੀ ਤਾਂ ਦੁੱਖਾਂ-ਸੁੱਖਾਂ ਦਾ ਸੁਮੇਲ ਹੈ,
ਰੁਕਦੀ ਨਾ ਕਦੇ ਇਹ ਅਨੋਖੀ ਰੇਲ ਹੈ।
ਸੋਚਾਂ ਫਿਕਰਾਂ ਨੂੰ ਲਾਹ ਕੇ ਸੁੱਟ ਦੇ ਪਰ੍ਹਾਂ,
ਦੇਖੀਂ ਫੇਰ ਖੁਸ਼ੀਆਂ ਦਾ ਢੋਲ ਵੱਜਜੂ।
ਐਵੇਂ ਕਾਹਨੂੰ ਬੈਠੈਂ ਯਾਰਾ ਢਾਹ ਕੇ ਢੇਰੀਆਂ,
ਚੰਗਾ-ਚੰਗਾ ਸੋਚ ਚੰਗਾ ਹੋਣ ਲੱਗਜੂ।
(ਚਾਵਾਂ ਦੀ ਖ਼ੁਸ਼ਬੋ, ਪੰਨਾ 37)

ਅੱਜ ਦੀ ਨੌਜਵਾਨ ਪੀੜ੍ਹੀ ਪੰਜਾਬ ਦੇ ਪੌਣ-ਪਾਣੀ ਨੂੰ ਛੱਡ ਕੇ ਵਿਦੇਸ਼ਾਂ ਵੱਲ ਨੂੰ ਰੁਖ਼ ਕਰ ਰਹੀ ਹੈ। ਭਾਵੇਂ ਇਸ ਦੇ ਬਹੁਤ ਸਾਰੇ ਕਾਰਨ ਹਨ ਪਰ ਮੋਟੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਦਾ ਪੌਣ-ਪਾਣੀ ਹੁਣ ਨਵੀਂ ਪਨੀਰੀ ਦੇ ਮੌਲਣ ਲਈ ਠੀਕ ਨਹੀਂ ਰਿਹਾ। ਪੰਜਾਬੀਆਂ ਦੀਆਂ ਪੂੰਜੀਵਾਦੀ ਰੁਚੀਆਂ ਨੇ ਪੰਜਾਬ ਦੀ ਆਬੋ-ਹਵਾ ਨੂੰ ਖ਼ਰਾਬ ਕਰ ਦਿੱਤਾ ਹੈ। ਇਸ ਲਈ ਅਨੇਕ ਪੰਜਾਬੀ ਹੁਣ ਪਰਵਾਸ ਕਰ ਰਹੇ ਹਨ ਅਤੇ ਪਰਵਾਸ ਸੰਕਟ ਤੇ ਸੰਵੇਦਨਾ ਅਨੇਕ ਕਵਿਤਾਵਾਂ ਵਿੱਚੋਂ ਉਜਹਗਰ ਹੋ ਰਹੀ ਹੈ। ਪੰਜਾਬੀ ਭਾਵੇਂ ਵਿਦੇਸ਼ਾਂ ਵਿੱਚ ਪੈਸਾ ਕਮਾ ਰਹੇ ਹਨ ਪਰ ਵਤਨ ਤੇ ਮਿੱਟੀ ਦੀ ਯਾਦ ਉਹਨਾਂ ਨੂੰ ਝੰਜੋੜਦੀ ਰਹਿੰਦੀ ਹੈ। ਪੈਸੇ ਤੇ ਸਹੂਲਤਾਂ ਵਿੱਚ ਰਹਿ ਕੇ ਵੀ ਉਹ ਆਪਣਿਆਂ ਤੋਂ ਦੂਰ, ਬੇਗਾਨਗੀ ਤੇ ਮੁਫ਼ਲਿਸੀ ਦੇ ਅਹਿਸਾਸ ਨੂੰ ਹੰਢਾਉਂਦੇ ਹਨ। ਡਾਲਰਾਂ ਦੀ ਵਧਦੀ ਖਨਕਾਰ ਬੰਦੇ ਦੇ ਆਪੇ ਨੂੰ ਖੋਰ ਦਿੰਦੀ ਹੈ। ਪ੍ਰਵਾਸੀ ਪੰਜਾਬੀ ਬੰਦੇ ਨੂੰ ਪ੍ਰਵਾਸ ਕਰਕੇ ਭਾਂਡੇ ਮਾਂਜਣ ਭਾਵ ਪੂੰਜੀ ਲਈ ਆਪਣੀ ਹੋਂਦ ਨੂੰ ਭੁੱਲ ਜਾਣਾ ਉਸ ਦੀ ਪਰੰਪਰਾ/ਵਿਰਸੇ ਨੇ ਸਿਖਾਇਆ ਹੈ। ਪੰਜਾਬੀ ਬੰਦਾ ਸਿਮਰਤੀਆਂ ਅਤੇ ਪੂੰਜੀ ਦੇ ਭੇੜ ਵਿੱਚੋਂ ਅਸਤਿਤਵਹੀਣ ਪਰੰਪਰਾ ਨੂੰ ਗਲ ਨਾਲ ਲਾ ਲੈਂਦਾ ਹੈ। ਆਪਣੇ ਰੁਤਬੇ ਨੂੰ ਅਕੜਾਉਂਦਾ ਬੰਦਾ ਆਪਣੇ ਆਪੇ ਦਾ ਗਲਾ ਘੁੱਟਦਾ ਹੈ। ਰੁਤਬੇ ਦੇ ਅਕੜੇਵੇਂ ਦਾ ਫ਼ੋਕ ਬੰਦੇ ਦੇ ਆਪੇ ਨੂੰ ਡੂੰਘੀ ਸਤਹ ਵਿੱਚ ਗੱਡਦਾ, ਉਸ ਬਾਜ਼ਾਰ ਵਿੱਚ ਲੈ ਜਾਂਦਾ ਹੈ, ਜਿੱਥੋਂ ਵਾਪਸ ਪਰਤਣਾ ਉਸ ਲਈ ਮੁਸ਼ਕਲ ਹੀ ਨਹੀਂ ਅਸੰਭਵ ਹੋ ਜਾਂਦਾ ਹੈ।[4] ਕੁਝ ਇਸੇ ਤਰ੍ਹਾਂ ਦੀ ਸੰਵੇਦਨਾ ਦਾ ਜ਼ਿਕਰ ਇਸ ਕਾਵਿ-ਸੰਗ੍ਰਹਿ ਦੀ ਕਵਿਤਾ 'ਸਵੈਟਰ' ਵਿੱਚ ਹੋਇਆ ਹੈ,

ਭਾਵੇਂ ਹੁਣ ਰੋਲੀਦੇ ਡਾਲਰ, ਵਿਚ ਕੈਨੇਡਾ ਦੇ
ਮੈਲੇ ਕਦੇ ਨਾ ਹੁੰਦੇ ਕਾਲਰ, ਵਿਚ ਕੈਨੇਡਾ ਦੇ
ਮਹਿੰਗੇ ਕੋਟ ਵੀ ਜਦ ਨਾ ਏਥੇ ਠੰਢ ਹਟਾਉਂਦੇ ਨੇ
ਮਾਂ ਦੇ ਬੁਣੇ ਸਵੈਟਰ ਯਾਰੋ ਚੇਤੇ ਆਉਂਦੇ ਨੇ
(ਚਾਵਾਂ ਦੀ ਖ਼ੁਸ਼ਬੋ, ਪੰਨਾ 38)

ਇਸ ਤੋਂ ਇਲਾਵਾ ਅਨੇਕ ਸਮਾਜਿਕ ਤੇ ਮਨੁੱਖੀ ਸਰੋਕਾਰਾਂ ਦਾ ਜ਼ਿਕਰ ਰਾਏ ਦੀ ਗੀਤਕਾਰੀ ਵਿੱਚ ਹੋਇਆ ਮਿਲਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਡਾ. ਗੁਰਇਕਬਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ : ਵਿਹਾਰ ਤੇ ਵਿਵੇਚਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ 55
2. ਡਾ. ਹਰਪਾਲ ਸਿੰਘ ਭੱਟੀ, ਭੂਮਿਕਾ 'ਚਾਵਾਂ ਦੀ ਖ਼ੁਸ਼ਬੋ', ਨਵਰੰਗ ਪਬਲੀਕੇਸ਼ਨਜ਼, ਸਮਾਣਾ, ਪੰਨਾ 9
3. ਉਹੀ
4. ਤਸਕੀਨ, ਸੱਤਾ ਦਾ ਪ੍ਰਵਚਨ ਅਤੇ ਪੰਜਾਬੀ ਕਵਿਤਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ 76